2

# "ਖ਼ੁਦਾ ਦੀ ਯੋਜਨਾ ਕੀ ਹੈ?"

## I. ਖ਼ੁਦਾ ਨੇ ਅਬਰਾਹਾਮ ਤੇ ਕਿਹੜੀ ਯੋਜਨਾ ਪਰਗਟ ਕੀਤੀ ਸੀ?

1. ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਉਹ ਅਬਰਾਹਾਮ ਤੋਂ ਇੱਕ ਵੱਡੀ ________ ਬਣਾਵੇਗਾ। ਉਤਪਤ 12:1, 2
2. ਧਰਤੀ ਦੀਆਂ ਸਭ ਕੌਮਾਂ ਉਸਦੇ ਰਾਹੀਂ _________ ਪਾਉਣਗੀਆਂ। ਉਤਪਤ 12:3
3. ਬਰਕਤ ਉਸ ਅੰਸ *ਭਾਵ* ____________ ਦੇ ਰਾਹੀਂ ਆਈ। ਉਤਪਤ 22:18; ਗਲਾਤੀਆਂ 3:16

## II. ਉਹ ਵੱਡੀ ਕੌਮ ਕਿਵੇਂ ਬਣੀ?

1. ਖ਼ੁਦਾ ਨੇ ਯਾਕੂਬ ਨਾਲ ਜਿਸ ਦਾ ਨਾਂਅ ਬਦਲ ਕੇ ___________ ਰੱਖਿਆ ਗਿਆ ਸੀ (ਉਤਪਤ 32:28), _____________ ਦੇਸ਼ ਵਿਚ ਇਕ ਵੱਡੀ ਕੌਮ ਬਣਾਉਣ ਦਾ ਵਾਅਦਾ ਕੀਤਾ ਸੀ। ਉਤਪਤ 46:2, 3
2. ਮਿਸਰ ਵਿਚ ਗਏ _________ ਜਣਿਆਂ (ਕੂਚ 1:5) ਤੋਂ ਉੱਥੋਂ ਨਿੱਕਲਣ ਵੇਲੇ _________ ਫ਼ੌਜ ਵਿਚ ਜਾਣ ਦੀ ਉਮਰ ਵਾਲੇ ਆਦਮੀਆਂ (ਗਿਣਤੀ 1:45, 46) ਦੇ ਇਲਾਵਾ___________ ਲੇਵੀ (ਗਿਣਤੀ 3:39) ਇਸਰਾਏਲ ਦੇ ਨਾਲ ਸਨ।

## III. ਇਸਰਾਏਲ ਕੌਮ ਕੋਲ ਕਿਹੜੀ ਸ਼ਰ੍ਹਾ ਸੀ?

1. ਸ਼ਰ੍ਹਾ ਉਨ੍ਹਾਂ ਲੋਕਾਂ ਦੀ ਇਕ __________ ਦੇ ਰੂਪ ਵਿਚ (ਵਿਵਸਥਾ 4:2, 5) _________ ਦੀ ਆਗਿਆ (ਵਿਵਸਥਾਸਾਰ 4:7, 8) ਵਿੱਚੋਂ ਦਿੱਤੀ ਗਈ ਸੀ।
2. ਇਸ ਸ਼ਰ੍ਹਾ ਨੂੰ ਉਸ _________ ਵਿਚ ਪੂਰਾ ਕੀਤਾ ਜਾਣਾ ਜ਼ਰੂਰੀ ਸੀ ਜਿਸ ਉੱਤੇ ਉਨ੍ਹਾਂ ਨੇ ਕਬਜ਼ਾ ਕਰਨਾ ਸੀ। ਵਿਵਸਥਾਸਾਰ 4:5
3. ਖ਼ੁਦਾ ਨੇ ਉਨ੍ਹਾਂ ਨੂੰ _______________ *ਅਰਥਾਤ* ਦਸ ਹੁਕਮ ਦਿੱਤੇ ਸਨ। ਵਿਵਸਥਾਸਾਰ 4:13
4. ਜੇ ਉਹ ਸ਼ਰ੍ਹਾ ਨੂੰ ਪੂਰਾ ਕਰਦੇ ਤਾਂ ਉਨ੍ਹਾਂ ਨੂੰ ________ ਰਹਿਣਾ ਸੀ, ਉਨ੍ਹਾਂ ਦਾ _________ ਹੋਣਾ ਸੀ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਉਸ ________ ਵਿਚ ਬਹੁਤ ਦਿਨ ਰੱਖਣਾ ਸੀ। ਵਿਵਸਥਾਸਾਰ 5:33
5. ਜੇ ਉਹ ਸ਼ਰ੍ਹਾ ਨੂੰ ਤੋੜਦੇ (ਲੇਵੀਆਂ 26:14–15) ਤਾਂ ਖ਼ੁਦਾ ਨੇ ਉਨ੍ਹਾਂ ਨੂੰ ਕੌਮਾਂ ਦੇ ਵਿਚ _________ ਅਤੇ ਉਨ੍ਹਾਂ ਦਾ ਦੇਸ਼ ਵਿਹਲਾ ਹੋ ਜਾਣਾ ਸੀ। ਲੇਵੀਆਂ 26:33


**IV. ਪਹਿਲੀ ਸ਼ਰ੍ਹਾ ਵਿਚ ਕੀ ਦਿੱਕਤ ਸੀ? ਇਬਰਾਨੀਆਂ 8:6-7**

1. ਸ਼ਰ੍ਹਾ ਉੱਤੇ ਭਰੋਸਾ ਰੱਖਣ ਵਾਲੇ __________ ਦੇ ਹੇਠ ਹਨ। ਗਲਾਤੀਆਂ 3:10
2. ਇਹ _____ ਅਤੇ ______ ਦੀ ਸੇਵਕਾਈ ਸੀ। 2 ਕੁਰਿੰਥੀਆਂ 3:6, 7, 9
3. ਇਸ ਨੂੰ ਤੋੜਨ ਵਾਲਾ ਬਿਨਾਂ ________ ਮਾਰ ਦਿੱਤਾ ਜਾਂਦਾ ਸੀ। ਇਬਰਾਨੀਆਂ 10:28

**V. ਕਿਰਪਾ ਦੇਣ ਲਈ ਖ਼ੁਦਾ ਨੇ ਕੀ ਕੀਤਾ?**

1. ਖ਼ੁਦਾ ਨੇ ਇਕ ___________ ਨੇਮ ਦਾ ਵਾਅਦਾ ਕੀਤਾ ਜੋ ਪਹਿਲੇ ਵਾਂਗ _______ ਸੀ। ਯਿਰਮਿਯਾਹ 31:31, 32
2. ਦੂਜੇ ਨੇਮ ਵਿਚ ਖ਼ੁਦਾ ਨੇ ਕਿਹਾ ਕਿ ਉਹ _________ ਹੋਵੇਗਾ। ਇਬਰਾਨੀਆਂ 8:12
3. ਯਿਸੂ _________ ਨੇਮ ਦੇ ਅਧੀਨ ਅਪਰਾਧਾਂ ਦੇ ਕਾਰਨ ਮਰਿਆ। ਇਬਰਾਨੀਆਂ 9:15
4. ਯਿਸੂ ਦੀ _________ ਨਾਲ ਨਵਾਂ ਨੇਮ ________ ਹੋ ਗਿਆ। ਇਬਰਾਨੀਆਂ 9:16, 17
5. ਉਸਨੇ ਦੂਸਰੇ ਨੂੰ ____________ ਕਰਨ ਲਈ ਪਹਿਲੇ ਨੂੰ ____________ ਦਿੱਤਾ। ਇਬਰਾਨੀਆਂ 10:9
6. ਦੂਸਰਾ ਨੇਮ ਪਹਿਲੇ ਨਾਲੋਂ ਉੱਤਮ ਹੈ ਅਤੇ ਇਸ ਵਿਚ _________ ਵਾਅਦੇ ਹਨ। ਇਬਰਾਨੀਆਂ 8:6; 1 ਪਤਰਸ 1:3, 4

Copyright 1987 - Gospel Light Pub. Co., Delight, AR 71940


ਪਹਿਲਾ ਨੇਮ
(ਪੁਰਾਣਾ)
ਦੂਜਾ ਨੇਮ (ਨਵਾਂ)
ਅਬਰਾਹਾਮ
1. ਕੌਮ
2. ਬਰਕਤ
ਅੰਸ
ਇਸਹਾਕ
ਯਾਕੂਬ (ਇਸਰਾਏਲ)
12
ਸਿਓਨ ਪਹਾੜ
ਨੇਮ
ਦਸ ਹੁਕਮ
70
ਮਿਸਰ
603,550
22,000
1. ਸਰਾਪ
2. ਮੌਤ
3. ਸਜ਼ਾ
4. ਕੋਈ ਤਰਸ ਨਹੀਂ
5. ਕਿਰਪਾ ਨਹੀਂ
1. ਬਰਕਤ
2. ਜ਼ਿੰਦਗੀ
3. ਧਾਰਮਿਕਤਾ
4. ਤਰਸ
5. ਕਿਰਪਾ

2

# ''ਖ਼ੁਦਾ ਦੀ ਯੋਜਨਾ ਕੀ ਹੈ?''

''ਖ਼ੁਦਾ ਦੀ ਯੋਜਨਾ ਕੀ ਹੈ?'' ਦੀ ਵਰਤੋਂ ਅਰੰਭਿਕ ਅਧਿਐਨ ਸ਼ੀਟ ਦੇ ਰੂਪ ਵਿਚ ਜਾਂ ਤਰਕਸੰਗਤ ਰੂਪ ਵਿਚ ਇਸ ਦੀ ਵਰਤੋਂ ''ਪਾਪ ਅਤੇ ਮੌਤ ਕਿੱਥੋਂ ਆਏ?'' ਅਧਿਐਨ ਸ਼ੀਟ ਦੇ ਬਾਅਦ ਕੀਤੀ ਜਾ ਸਕਦੀ ਹੈ।

**ਮਕਸਦ**

''ਖ਼ੁਦਾ ਦੀ ਯੋਜਨਾ'' ਸ਼ੀਟ ਦਾ ਮਕਸਦ ਇਹ ਵਿਖਾਉਣਾ ਹੈ ਕਿ ਅਰੰਭ ਤੋਂ ਹੀ ਖ਼ੁਦਾ ਦੀ ਮਨੁੱਖ ਲਈ ਇਕ ਯੋਜਨਾ ਸੀ। ਸਿਖਾਉਣ ਵਾਲਾ ਇਸ ਪਾਠ ਵਿਚ ਵਿਖਾ ਸਕਦਾ ਹੈ ਕਿ ਪੁਰਾਣੇ ਨੇਮ ਤੋਂ ਲੋਕਾਂ ਦੀ ਇਕ ਕੌਮ ਅਰਥਾਤ ਇਸਰਾਏਲ ਕੌਮ ਲਈ ਅਗਵਾਈ ਅਤੇ ਨਿਅਮ ਮਿਲੇ ਅਤੇ ਨਵਾਂ ਨੇਮ ਮਸੀਹੀ ਲੋਕਾਂ ਲਈ ਗਾਈਡ ਹੈ।

**ਸੰਖੇਪ ਵਿਚ ਪਾਠ**

ਖ਼ੁਦਾ ਨੇ ਅਬਰਾਹਾਮ ਤੇ ਇਕ ਵੱਡੀ ਕੌਮ ਬਣਾਉਣ ਅਤੇ ਉਸ ਦੀ ਅੰਸ ਅਰਥਾਤ ਮਸੀਹ ਦੇ ਰਾਹੀਂ ਸਭ ਕੌਮਾਂ ਨੂੰ ਬਰਕਤ ਦੇਣ ਦੀ ਯੋਜਨਾ ਜ਼ਾਹਿਰ ਕੀਤੀ। ਮਿਸਰ ਵਿਚ ਇਹ ਕੌਮ ਕਾਫ਼ੀ ਵਧ ਗਈ ਸੀ। ਖ਼ੁਦਾ ਨੇ ਉਨ੍ਹਾਂ ਨੂੰ ਸੀਨੈ ਪਹਾੜ ਤੇ ਮੂਸਾ ਦੇ ਰਾਹੀਂ ਇਕ ਸ਼ਰ੍ਹਾ ਦਿੱਤੀ ਸੀ। ਇਸ ਸ਼ਰ੍ਹਾ ਤੋਂ ਉਨ੍ਹਾਂ ਤੇ *ਬਰਕਤ* ਨਹੀਂ ਪਹੁੰਚੀ, ਬਲਕਿ ਇਸ ਨਾਲ ਉਹ *ਸਰਾਪ* ਦੇ ਹੇਠ ਆ ਗਏ ਸਨ। ਬਰਕਤ ਖ਼ੁਦਾ ਦੇ ਵਾਅਦੇ ਅਨੁਸਾਰ ਯਿਸੂ ਦੇ ਰਾਹੀਂ ਹੀ ਪਹੁੰਚੀ।

**ਜਾਣ-ਪਛਾਣ**

*[ਸਿਖਾਉਣ ਵਾਲੇ ਨੇ ਜੇ ਪਹਿਲਾਂ ''ਪਾਪ ਅਤੇ ਮੌਤ ਕਿੱਥੋਂ ਆਏ?'' ਅਧਿਐਨ ਸ਼ੀਟ ਵਿੱਚੋਂ ਪੜ੍ਹਾਇਆ ਹੈ, ਤਾਂ ਉਸਨੂੰ ਚਾਹੀਦਾ ਹੈ ਕਿ ਉਹ ਉਸ ਅਧਿਐਨ ਸ਼ੀਟ ਨੂੰ ਸੰਖੇਪ ਵਿਚ ਮੁੜ ਤੋਂ ਦੁਹਰਾ ਦੇਵੇ।]* ਪਾਪ ਸੰਸਾਰ ਵਿਚ ਆਦਮ ਅਤੇ ਹੱਵਾਹ ਦੇ ਰਾਹੀਂ ਹੀ ਆਇਆ ਸੀ। ਖ਼ੁਦਾ ਨੂੰ ਪਤਾ ਸੀ ਕਿ ਇਸੇ ਤਰ੍ਹਾਂ ਹੋਵੇਗਾ ਇਸ ਲਈ ਉਸਨੇ ਪਹਿਲਾਂ ਤੋਂ ਹੀ ਇਕ ਯੋਜਨਾ ਬਣਾਈ ਸੀ, ਜਿਸ ਨਾਲ ਪਾਪ ਦੀ ਮਾਫ਼ੀ ਹੋ ਸਕੇ। ਇਸ ਪਾਠ ਵਿਚ ਖ਼ੁਦਾ ਦੀ ਯੋਜਨਾ ਬਾਰੇ ਦੱਸਿਆ ਜਾਵੇਗਾ।

**I. ਯੋਜਨਾ ਪਰਗਟ ਕੀਤੀ ਗਈ**

1. ਖ਼ੁਦਾ ਦੀ ਯੋਜਨਾ ਤੇ ਵਿਚਾਰ ਕਰਦੇ ਹੋਏ, ਸਾਨੂੰ ਬਾਈਬਲ ਦੇ ਬਿਲਕੁਲ ਸ਼ੁਰੂ ਤੋਂ

ਸ਼ੁਰੂਆਤ ਕਰਨੀ ਚਾਹੀਦੀ ਹੈ। ਖ਼ੁਦਾ ਨੇ ਅਬਰਾਮ ਨੂੰ ਜਿਸਦਾ ਨਾਂਅ ਬਾਅਦ ਵਿਚ ਬਦਲ ਕੇ ਅਬਰਾਹਾਮ ਰੱਖ ਦਿੱਤਾ ਗਿਆ ਸੀ, ਆਪਣੀ ਯੋਜਨਾ ਦੱਸੀ (ਉਤਪਤ 17:5; ''ਅਬਰਾਮ'' ਦਾ ਅਰਥ ਹੈ ''ਉੱਚ ਪਿਤਾ'' ਅਤੇ ''ਅਬਰਾਹਾਮ'' ਦਾ ਅਰਥ ਹੈ ''ਬਹੁਤਿਆਂ ਦਾ ਪਿਤਾ।'')

ਖ਼ੁਦਾ ਦੇ ਵਾਅਦੇ ਦੇ ਮੁੱਖ *ਦੋ* ਪਹਿਲੂ ਸਨ। ਖ਼ੁਦਾ ਨੇ ਅਬਰਾਹਾਮ ਨਾਲ ਆਪਣਾ ਦੇਸ਼ ਛੱਡ ਦੇਣ ਤੇ ਕੀ ਦੇਣ ਦਾ ਵਾਅਦਾ ਕੀਤਾ ਸੀ? (ਉਤਪਤ 12:1, 2 ਪੜ੍ਹੋ।) ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਉਹ ਅਬਰਾਹਾਮ ਵਿੱਚੋਂ ਇਕ ਵੱਡੀ *ਕੀ* ਬਣਾਏਗਾ? (ਖਾਲੀ ਥਾਂ ਵਿਚ ''ਕੌਮ'' ਭਰ ਲਵੋ।)

2. ਖ਼ੁਦਾ ਨੇ ਇਕ ਹੋਰ ਵੱਡਾ ਵਾਅਦਾ ਵੀ ਦਿੱਤਾ ਸੀ। ਇਹ ਵਾਅਦਾ ਕੀ ਸੀ? [ਉਤਪਤ 12:3 ਪੜ੍ਹੋ।] ਅਬਰਾਮ ਦੇ ਰਾਹੀਂ ਧਰਤੀ ਦੇ ਸਭ ਘਰਾਣਿਆਂ ਨੂੰ *ਕੀ* ਮਿਲਣਾ ਸੀ? [ਖਾਲੀ ਥਾਂ ਵਿਚ ''ਬਰਕਤ'' ਭਰ ਲਓ।]

[ਅਧਿਐਨ ਸ਼ੀਟ ਦੇ *ਪਿਛਲੇ ਪਾਸੇ* ''ਅਬਰਾਹਾਮ'' ਲਿਖੋ ਅਤੇ ਫਿਰ, 1. ''ਕੌਮ'' ਅਤੇ 2. ''ਬਰਕਤ'' ਲਿਖੋ। ਵੇਖੋ ਸਫ਼ਾ 125)।]

3. ਬਰਕਤ ਅਬਰਾਹਾਮ *ਦੇ ਰਾਹੀਂ* ਤਾਂ ਮਿਲਣੀ ਸੀ ਪਰ ਉਸ ਨੇ ਨਹੀਂ ਦੇਣੀ ਸੀ। ਇਹ ਵਾਅਦਾ ਕਿਵੇਂ ਪੂਰਾ ਹੋਣਾ ਸੀ? [ਉਤਪਤ 22:18 ਅਤੇ ਗਲਾਤੀਆਂ 3:16 ਪੜ੍ਹੋ।] ਇਹ ਬਰਕਤ ਅਬਰਾਹਾਮ ਦੀ ਉਸ ਇਕ ਅੰਸ [ਸੰਤਾਨ] ਨੇ ਦੇਣੀ ਸੀ। *ਉਹ* ਅੰਸ ਕੌਣ ਹੈ? [ਖਾਲੀ ਥਾਂ ਵਿਚ ''ਮਸੀਹ'' ਭਰ ਲਓ।] ਇਹ ਬਰਕਤ ਇਸਰਾਏਲ ਕੌਮ ਲਈ ਹੀ ਨਹੀਂ ਸੀ ਬਲਕਿ ਧਰਤੀ ਦੇ ਸਭ ਘਰਾਣਿਆਂ ਲਈ ਵੀ ਸੀ। [ਅਧਿਐਨ ਸ਼ੀਟ ਦੇ *ਪਿਛਲੇ ਪਾਸੇ* ''ਬਰਕਤ'' ਤੋਂ ਇਕ ਲਕੀਰ ਖਿੱਚਦੇ ਹੋਏ ਕਾਗਜ਼ ਦੇ ਵਿਚਕਾਰ ਤਕ ਲੈ ਜਾਓ, ਅਤੇ ''ਅੰਸ''ਸ਼ਬਦ ਲਿਖੋ। ਫਿਰ ਕਾਗਜ਼ ਦੇ ਸੱਜੇ ਪਾਸੇ ਇਕ ਲਕੀਰ ਖਿੱਚੋ, ਅਤੇ ਇਕ ਸਲੀਬ ਬਣਾਓ। ਵੇਖੋ ਸਫ਼ਾ 125।]

ਅਬਰਾਹਾਮ ਨਾਲ ਕੀਤੇ ਗਏ ਇਨ੍ਹਾਂ ਵਾਅਦਿਆਂ ਦੇ ਅਧਾਰ ਤੇ ਬਾਈਬਲ ਨੂੰ *ਦੋ* ਭਾਗਾਂ ਵਿਚ ਵੰਡਿਆ ਗਿਆ ਹੈ। ਪੁਰਾਣਾ ਨੇਮ ਮੁੱਖ ਤੌਰ ਤੇ ਉਸ *ਕੌਮ* ਲਈ ਹੈ ਜੋ ਅਬਰਾਹਾਮ ਤੋਂ ਪੈਦਾ ਹੋਣੀ ਸੀ ਅਤੇ ਨਵਾਂ ਨੇਮ ਉਸ ਬਰਕਤ ਬਾਰੇ ਦੱਸਦਾ ਹੈ ਜੋ ਯਿਸੂ ਮਸੀਹ ਦੇ ਰਾਹੀਂ ਪਹੁੰਚਣੀ ਸੀ। ਉਸ ਕੌਮ ਬਾਰੇ ਜਾਣਨ ਲਈ, ਸਾਨੂੰ ਪੁਰਾਣਾ ਨੇਮ ਪੜ੍ਹਨਾ ਪਵੇਗਾ। ਉਸ *ਬਰਕਤ* ਬਾਰੇ ਜਾਣਨ ਲਈ ਨਵਾਂ ਨੇਮ ਪੜ੍ਹਨਾ ਜ਼ਰੂਰੀ ਹੈ।

## II. ਉਸ ਕੌਮ ਦਾ ਵਧਣਾ

1. ਉਤਪਤ ਦੀ ਕਿਤਾਬ ਦੇ ਬਾਕੀ ਬਚੇ ਭਾਗ ਵਿਚ ਉਨ੍ਹਾਂ ਘਟਨਾਵਾਂ ਦਾ ਵਧਣਾ ਹੈ ਜਿਨ੍ਹਾਂ ਤੋਂ ਉਹ ਵੱਡੀ ਕੌਮ ਬਣੀ। ਉਸ ਵੱਡੀ ਕੌਮ ਦੇ ਬਣਨ ਤੇ ਯਾਕੂਬ ਨੇ ਪ੍ਰਮੁੱਖ ਆਦਮੀ ਅਖਵਾਉਣਾ ਸੀ, ਇਸ ਲਈ ਖ਼ੁਦਾ ਨੇ ਉਸਦਾ ਨਾਂਅ ਬਦਲ ਦਿੱਤਾ ਸੀ। [ਉਤਪਤ 32:28 ਪੜ੍ਹੋ।] ਖ਼ੁਦਾ ਨੇ ਯਾਕੂਬ ਦਾ ਨਾਂਅ ਬਦਲ ਕੇ *ਕੀ* ਰੱਖਿਆ? [ਖਾਲੀ ਥਾਂ ਵਿਚ ''ਇਸਰਾਏਲ'' ਭਰ ਲਓ, ਜਿਸਦਾ ਅਰਥ ਹੈ ''ਖ਼ੁਦਾ ਨਾਲ ਲੜਨ ਵਾਲਾ।''] *ਇਸਰਾਏਲ ਦੀ ਸੰਤਾਨ* ਨੂੰ ਯਾਕੂਬ ਦੀ ਸੰਤਾਨ ਕਿਹਾ ਜਾਂਦਾ ਹੈ। ਬਾਈਬਲ ਪੜ੍ਹਨ ਸਮੇਂ ਇਸ ਗੱਲ ਦਾ ਧਿਆਨ ਰੱਖੋ। ਇਸਰਾਏਲ ਕੌਮ ਅਤੇ ਇਸਰਾਏਲ ਦੀ ਸੰਤਾਨ ਯਾਕੂਬ ਦੇ ਅੰਸਾਂ ਨੂੰ ਕਿਹਾ ਜਾਂਦਾ ਹੈ। [*ਪਿਛਲੇ*

*ਪਾਸੇ* ਹੇਠਾਂ ਕਰਕੇ ''ਅਬਰਾਹਾਮ'' ਅਤੇ ''ਇਸਹਾਕ'' ਲਿਖੋ ਅਤੇ ਸਮਝਾਓ ਕਿ ਇਹ ਅਬਰਾਹਾਮ ਦਾ ਪੁੱਤਰ ਸੀ। ਉਸ ਦੇ ਹੇਠਾਂ ''ਯਾਕੂਬ (ਇਸਰਾਏਲ)'' ਲਿਖੋ ਅਤੇ ਸਮਝਾਓ ਕਿ ਉਹ ਇਸਹਾਕ ਦਾ ਪੁੱਤਰ ਸੀ। ਯਾਕੂਬ ਦੇ ਨਾਂਅ ਦੇ ਹੇਠਾਂ ''12'' ਲਿਖੋ ਅਤੇ ਦੱਸੋ ਕਿ ਯਾਕੂਬ ਦੇ 12 ਪੁੱਤਰ ਸਨ, ਜਿਨ੍ਹਾਂ ਤੋਂ ਇਸਰਾਏਲ ਦੇ ਬਾਰਾਂ ਕਬੀਲੇ ਬਣੇ। ਵੇਖੋ ਸਫ਼ਾ 125।]

[ਹੁਣ ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਦੱਸੇ ਕਿ ਕਿਵੇਂ ਯਾਕੂਬ ਦੇ ਪੁੱਤਰਾਂ ਨੇ ਆਪਣੇ ਭਰਾ ਯੂਸਫ਼ ਨੂੰ ਵਪਾਰੀਆਂ ਨੂੰ ਵੇਚ ਦਿੱਤਾ ਜੋ ਉਸਨੂੰ ਮਿਸਰ ਨੂੰ ਲੈ ਗਏ ਸਨ। ਪੋਤੀਫ਼ਰ ਦੇ ਘਰ ਕੰਮ ਕਰਨ ਅਤੇ ਉਸਦੀ ਤੀਵੀਂ ਵੱਲੋਂ ਝੂਠਾ ਇਲਜ਼ਾਮ ਲਾਉਣ ਦੇ ਬਾਅਦ ਯੂਸਫ਼ ਨੂੰ ਕੈਦ ਵਿਚ ਪਾ ਦਿੱਤਾ ਗਿਆ, ਜਿੱਥੇ ਉਸ ਨੇ ਸਾਕੀ ਅਤੇ ਖਨਸਾਮੇ (ਪਿਆਉਣ ਵਾਲੇ ਅਤੇ ਖਾਣਾ ਬਣਾਉਣ ਵਾਲੇ) ਦੇ ਸੁਫ਼ਨਿਆਂ ਦਾ ਅਰਥ ਦੱਸਿਆ। ਬਾਅਦ ਵਿਚ ਸਾਕੀ ਨੇ ਫ਼ਿਰਊਨ ਨੂੰ ਜੋ ਇਕ ਸੁਫ਼ਨੇ ਕਰਕੇ ਪਰੇਸ਼ਾਨ ਸੀ, ਦੱਸਿਆ ਕਿ ਯੂਸਫ਼ ਉਸ ਦੇ ਸੁਫ਼ਨੇ ਦਾ ਅਰਥ ਦੱਸ ਸਕਦਾ ਹੈ। ਯੂਸਫ਼ ਨੂੰ ਫ਼ਿਰਊਨ ਦੇ ਸੁਫ਼ਨੇ ਦਾ ਅਰਥ ਦੱਸਣ ਕਰਕੇ, ਆਉਣ ਵਾਲੇ ਸੱਤ ਵਰ੍ਹਿਆਂ ਦੇ ਅਕਾਲ ਦੀ ਤਿਆਰੀ ਲਈ ਸੱਤ ਵਰ੍ਹਿਆਂ ਲਈ ਅੰਨ ਜਮ੍ਹਾ ਕਰਨ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ।

ਅਕਾਲ ਪੈਣ ਤੇ ਯਾਕੂਬ ਨੇ ਯੂਸਫ਼ ਦੇ ਭਰਾਵਾਂ ਨੂੰ ਅੰਨ ਲੈਣ ਲਈ ਮਿਸਰ ਭੇਜਿਆ। ਜਦ ਉਸਦੇ ਭਰਾ ਅੰਨ ਲਈ ਦੂਜੀ ਵਾਰ ਮਿਸਰ ਵਿਚ ਆਏ ਤਾਂ ਯੂਸਫ਼ ਨੇ ਦੱਸ ਦਿੱਤਾ ਕਿ ਉਹ ਉਨ੍ਹਾਂ ਦਾ ਭਰਾ ਹੈ। ਉਸ ਨੇ ਉਨ੍ਹਾਂ ਨੂੰ ਆਪਣੇ ਪਿਤਾ ਨੂੰ ਮਿਸਰ ਵਿਚ ਲੈ ਕੇ ਆਉਣ ਲਈ ਆਖਿਆ ਜਦ ਉਨ੍ਹਾਂ ਨੇ ਯਾਕੂਬ ਨੂੰ ਮਿਸਰ ਆਉਣ ਲਈ ਆਖਿਆ ਤਾਂ ਉਸ ਨੇ ਇਹ ਫੈਸਲਾ ਲੈਣ ਲਈ ਕਿ ਮਿਸਰ ਵਿਚ ਜਾਵੇ ਜਾਂ ਨਾ। ਉਹ ਅਜੇ ਵਿਚਾਰ ਕਰ ਹੀ ਰਿਹਾ ਸੀ ਕਿ ਖ਼ੁਦਾ ਨੇ ਉਸ ਨੂੰ ਦਰਸ਼ਣ ਦਿੱਤਾ।]

ਖ਼ੁਦਾ ਨੇ ਯਾਕੂਬ ਨੂੰ ਕੀ ਆਖਿਆ? [ਉਤਪਤ 46:2, 3 ਪੜ੍ਹੋ] ਯਾਕੂਬ ਦੀ ਸੰਤਾਨ ਇਕ ਵੱਡੀ ਕੌਮ ਦੇ ਰੂਪ ਵਿਚ *ਕਿਸ* ਦੇਸ਼ ਵਿਚ ਵਧੇਗੀ? [ਖਾਲੀ ਥਾਂ ਵਿਚ ''ਮਿਸਰ'' ਭਰ ਲਓ। *ਪਿਛਲੇ ਪਾਸੇ* ਇਕ ਵਰਗ ਬਣਾਓ, ਅਤੇ ਇਸ ਵਿਚ ''ਮਿਸਰ'' ਲਿਖ ਲਓ। ਵੇਖੋ ਸਫ਼ਾ 125।]

2. ਯਾਕੂਬ ਆਪਣੇ ਸਾਰੇ ਪੁੱਤਰਾਂ ਦੇ ਬੱਚਿਆਂ ਨੂੰ ਆਪਣੇ ਨਾਲ ਮਿਸਰ ਲੈ ਗਿਆ। ਉਸ ਦੇ ਨਾਲ ਕਿੰਨੇ ਲੋਕ ਗਏ ਸਨ? [ਪੜ੍ਹੋ ਕੂਚ 1:5] ਮਿਸਰ ਵਿਚ ਯਾਕੂਬ ਦੇ ਨਾਲ ਆਉਣ ਵਾਲੇ *ਕਿੰਨੇ* ਜਣੇ ਸਨ? [ਖਾਲੀ ਥਾਂ ਵਿਚ ''70'' ਭਰ ਲਓ।]

ਛੇਤੀ ਹੀ ਉਨ੍ਹਾਂ ਦੀ ਗਿਣਤੀ ਵਧ ਗਈ। [ਕੂਚ 1:7–9 ਪੜ੍ਹੋ।] ਮੂਸਾ ਦੀ ਅਗਵਾਈ ਵਿਚ ਉਨ੍ਹਾਂ ਦੇ ਮਿਸਰ ਵਿੱਚੋਂ ਨਿਕਲਣ ਦੇ ਬਾਅਦ, ਮੂਸਾ ਅਤੇ ਹਾਰੂਨ ਨੂੰ ਉਨ੍ਹਾਂ ਦੀ ਗਿਣਤੀ ਕਰਨ ਦਾ ਹੁਕਮ ਦਿੱਤਾ ਗਿਆ। ਗਿਣਤੀ ਵਿਚ ਕਿਹੜੇ–ਕਿਹੜੇ ਲੋਕਾਂ ਨੂੰ ਸ਼ਾਮਿਲ ਕੀਤਾ ਜਾਣਾ ਸੀ? [ਗਿਣਤੀ 1:1–3 ਪੜ੍ਹੋ।] ਉਨ੍ਹਾਂ ਦੀ ਫ਼ੌਜ ਵਿਚ *ਕਿੰਨੇ* ਬੰਦੇ ਸਨ? [ਗਿਣਤੀ 1:45, 46 ਪੜ੍ਹੋ।] ਫ਼ੌਜ ਵਿਚ *ਕਿੰਨੇ ਜਣੇ* ਸਨ? [ਖਾਲੀ ਥਾਂ ਵਿਚ ''603,550'' ਭਰੋ।] ਇਸ ਗਿਣਤੀ ਵਿਚ ਕਿਹੜੇ ਲੋਕ ਸ਼ਾਮਿਲ ਨਹੀਂ ਸਨ ਅਤੇ ਕਿਉਂ ਨਹੀਂ ਸ਼ਾਮਿਲ ਕੀਤੇ ਗਏ ਸਨ? [ਗਿਣਤੀ 1:47–50 ਪੜ੍ਹੋ।] ਲੇਵੀਆਂ ਨੂੰ ਫ਼ੌਜ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਤੇ ਇਸਰਾਏਲ ਕੌਮ ਦੇ ਧਾਰਮਿਕ ਮਸਲਿਆਂ ਨੂੰ ਵੇਖਣ ਦੀ ਜ਼ਿੰਮੇਵਾਰੀ ਸੀ।

ਲੇਵੀ ਕੌਣ ਸਨ ਅਤੇ ਉਨ੍ਹਾਂ ਦੀ ਗਿਣਤੀ *ਕਿੰਨੀ* ਸੀ [ਗਿਣਤੀ 3:39 ਪੜ੍ਹੋ।] [ਖਾਲੀ ਥਾਂ

ਵਿਚ ''22,000'' ਭਰ ਲਓ। *ਪਿਛਲੇ ਪਾਸੇ* ਮਿਸਰ ਵਿੱਚੋਂ ਨਿਕਲਣ ਵਾਲੇ ''603,550'' ਅਤੇ ''22,000'' ਭਰ ਲਓ। ਵੇਖੋ ਸਫ਼ਾ 125।] ਇਸਰਾਏਲ ਕੋਲ ''603,550'' ਦੀ ਫ਼ੌਜ ਅਤੇ ਲੇਵੀ ਦੇ ਕਬੀਲੇ ਦੇ 22,000 ਆਦਮੀ ਸਨ। ਵੱਖ–ਵੱਖ ਅੰਦਾਜ਼ਿਆਂ ਮੁਤਾਬਿਕ ਇੰਨੀ ਵੱਡੀ ਫ਼ੌਜ ਅਤੇ ਕੌਮ ਦੇ ਇੰਨੇ ਯਾਜਕਾਂ ਲਈ ਤੀਹ ਤੋਂ ਪੰਜਾਹ ਲੱਖ ਲੋਕ ਜ਼ਰੂਰ ਹੋਣਗੇ।

ਕਨਾਨ ਦੇਸ਼ ਵਿਚ ਛੋਟੀ ਜਿਹੀ ਸ਼ੁਰੂਆਤ ਤੋਂ, ਇਸਰਾਏਲ ਖ਼ੁਦਾ ਦੇ ਵਾਅਦੇ ਦੇ ਅਨੁਸਾਰ ਇਕ ਬਹੁਤ ਵੱਡੇ ਇੱਜੜ, ਵਿਚ ਫੈਲ ਚੁੱਕਾ ਸੀ। [ਜੇ ਤੁਹਾਡੇ ਕੋਲ ਨਕਸ਼ਾ ਹੋਵੇ, ਤਾਂ ਤੁਸੀਂ ਅਬਰਾਹਾਮ ਦੇ ਫ਼ਲਸਤੀਨ ਜਾਣ ਅਤੇ ਉਸਦੀ ਸੰਤਾਨ ਦੇ ਮਿਸਰ ਵਿਚ ਜਾਣ ਅਤੇ ਫਿਰ ਸੀਨਈ ਪਹਾੜ ਤਕ ਜਾਣ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।]

## III. ਕੌਮ ਲਈ ਸ਼ਰ੍ਹਾ

1. ਇਸਰਾਏਲ (ਯਾਕੂਬ) ਦੀ ਸੰਤਾਨ ਦੇ ਮਿਸਰ ਵਿਚ ਆਉਣ ਤੋਂ ਪਹਿਲਾਂ, ਉਹ ਇਕ ਛੋਟਾ ਜਿਹਾ ਪਰਿਵਾਰ ਹੀ ਸਨ ਤੇ ਉਨ੍ਹਾਂ ਇਕ ਕੌਮ ਦੇ ਰੂਪ ਵਿਚ ਸ਼ਰ੍ਹਾ ਦੀ ਲੋੜ ਨਹੀਂ ਸੀ। ਮਿਸਰ ਵਿਚ ਰਹਿੰਦੇ ਹੋਏ, ਉਹ ਮਿਸਰ ਦੇ ਨਿਅਮਾਂ ਦੇ ਅਨੁਸਾਰ ਰਹਿਣ ਲਈ ਮਜਬੂਰ ਸਨ। ਪਰ ਹੁਣ ਜਦਕਿ ਉਹ ਇਕ ਅਜ਼ਾਦ ਕੌਮ ਦੇ ਰੂਪ ਵਿਚ ਵਧ ਚੁਕੇ ਸਨ ਇਸ ਲਈ ਉਨ੍ਹਾਂ ਲਈ ਇਕ ਕੌਮੀ ਕਾਨੂੰਨ ਜ਼ਰੂਰੀ ਸੀ।

ਉਨ੍ਹਾਂ ਨੂੰ ਸ਼ਰ੍ਹਾ ਕਿਸ ਨੇ ਦਿੱਤੀ? [ਵਿਵਸਥਾਸਾਰ 4:2, 5 ਪੜ੍ਹੋ।] ਮੂਸਾ ਨੇ ਉਨ੍ਹਾਂ ਨੂੰ *ਕਿਸ ਦੀ* ਸ਼ਰ੍ਹਾ ਦਿੱਤੀ [ਖਾਲੀ ਥਾਂ ਵਿਚ ''ਯਹੋਵਾਹ'' ਭਰ ਲਓ।] ਇਹ ਸ਼ਰ੍ਹਾ ਸਾਰੇ ਜਗਤ ਲਈ ਨਹੀਂ, ਬਲਕਿ ਉਨ੍ਹਾਂ ਲਈ ਹੀ ਸੀ। [ਵਿਵਸਥਾਸਾਰ 4:7, 8; ਜ਼ਬੂਰ 147:19, 20 ਵੀ ਪੜ੍ਹੋ।] ਇਹ ਸ਼ਰ੍ਹਾ ਉਨ੍ਹਾਂ ਨੂੰ ਕੀ ਮੰਨ ਕੇ ਦਿੱਤੀ ਗਈ ਸੀ? [ਖਾਲੀ ਥਾਂ ਵਿਚ ''ਕੌਮ'' ਭਰੋ।] ਕੌਮ ਦੇ ਰੂਪ ਵਿਚ ਉਨ੍ਹਾਂ ਨੂੰ ਖ਼ੁਦਾ ਦੀ ਸ਼ਰ੍ਹਾ ਦਿੱਤੀ ਗਈ, ਜੋ ਕਿ ਇਕ ਧਾਰਮਿਕ ਅਤੇ ਇਖ਼ਲਾਕੀ ਸ਼ਰ੍ਹਾ ਵੀ ਸੀ।

2. ਇਹ ਸ਼ਰ੍ਹਾ ਕਿੱਥੇ ਪੂਰੀ ਕੀਤੀ ਜਾਣੀ ਸੀ? [ਵਿਵਸਥਾਸਾਰ 4:5 ਪੜ੍ਹੋ।] ਉਨ੍ਹਾਂ ਨੇ ਇਸ ਨੂੰ ਕਿੱਥੇ ਪੂਰਾ ਕਰਨਾ ਸੀ? [ਖਾਲੀ ਥਾਂ ਵਿਚ ''ਧਰਤੀ'' ਭਰ ਲਓ।] ਸ਼ਰ੍ਹਾ ਦੇ ਸੁਭਾਅ ਤੋਂ ਸੰਕੇਤ ਮਿਲਦਾ ਹੈ ਕਿ ਇਹ ਧਰਤੀ ਦੇ ਸਭ ਲੋਕਾਂ ਲਈ ਨਹੀਂ ਬਲਕਿ ਇਸਰਾਏਲ ਵਿਚ ਰਹਿਣ ਵਾਲੇ ਲੋਕਾਂ ਲਈ ਹੀ ਇਕ ਕਾਨੂੰਨ ਸੀ।

ਇਸਰਾਏਲ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਰਹਿਣ ਵਾਲੇ ਲੋਕਾਂ ਲਈ ਇਸ ਸ਼ਰ੍ਹਾ ਤੋਂ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਤੇ ਧਿਆਨ ਦਿਓ। ਹਰ ਪੁਰਖ ਨੂੰ ਯਰੂਸ਼ਲਮ ਵਿਚ ਸਾਲ ਵਿਚ ਤਿੰਨ ਵਾਰ ਜਾਣਾ ਹੁੰਦਾ ਸੀ। ਜੋ ਖ਼ੁਦਾ ਨੇ ਚੁਣੀ ਸੀ (ਵਿਵਸਥਾਸਾਰ 16:16)। ਇਹ ਉਹ ਥਾਂ ਸੀ ਜਿੱਥੇ ਖ਼ੁਦਾ ਨੂੰ ਲੱਭ ਕੇ ਉਸ ਨੂੰ ਦਸਵੰਧ ਅਤੇ ਕੁਰਬਾਨੀਆਂ ਚੜ੍ਹਾਉਣੀਆਂ ਹੁੰਦੀਆਂ ਸਨ (ਵਿਵਸਥਾਸਾਰ 12:5–11; 14:22–25)। ਕਾਨੂੰਨੀ ਮਾਮਲਿਆਂ ਦਾ ਨਿਪਟਾਰਾ ਇੱਥੇ ਹੁੰਦਾ ਸੀ (ਵਿਵਸਥਾਸਾਰ 17:8, 9)। ਕਾਤਲ ਨੇ ਨੱਸ ਕੇ ਇਸਰਾਏਲ ਦੇ ਛੇ ਪਨਾਹ ਨਗਰਾਂ ਵਿੱਚੋਂ ਇਕ ਵਿਚ ਜਾਣਾ ਹੁੰਦਾ ਸੀ (ਗਿਣਤੀ 35:6)। ਇਸਰਾਏਲ ਨੇ ਇਹ ਸ਼ਰ੍ਹਾ ਆਪਣੇ ਦੇਸ਼ ਵਿਚ ਪੂਰੀ ਕਰਨੀ ਸੀ।

3. ਉਨ੍ਹਾਂ ਦੀ ਸ਼ਰ੍ਹਾ ਵਿਚ ਇਨ੍ਹਾਂ ਵਿਧੀਆਂ ਅਤੇ ਫੈਸਲਿਆਂ ਤੋਂ ਇਲਾਵਾ, ਇਕ ਹੋਰ ਗੱਲ ਸ਼ਾਮਿਲ ਸੀ। ਇਸ ਵਿਚ ਕੀ ਸੀ? [ਵਿਵਸਥਾਸਾਰ 4:13, 14 ਪੜ੍ਹੋ] ਖ਼ੁਦਾ ਨੇ ਉਨ੍ਹਾਂ ਨਾਲ *ਕੀ*

ਬੰਨ੍ਹਿਆ ਸੀ? [ਖਾਲੀ ਥਾਂ ਵਿਚ, ''ਨੇਮ'' ਭਰ ਲਓ। ਸ਼ੀਟ ਦੇ *ਪਿਛਲੇ ਪਾਸੇ* ਇਕ ਪਹਾੜ ਦਾ ਰੇਖਾ ਚਿੱਤਰ ਬਣਾਓ, ਇਸ ਤੇ ''ਸੀਨਈ ਪਹਾੜ'' ਚਿਪਕਾ ਕੇ ਇਸ ਦੇ ਹੇਠਾਂ ''ਨੇਮ'' ਅਤੇ ਫਿਰ ''ਦਸ ਹੁਕਮ'' ਲਿਖੋ। ਵੇਖੋ ਸਫ਼ਾ 125।]

ਨੇਮ ਕੀ ਹੁੰਦਾ ਹੈ? ਨੇਮ ਇਕ ਰਸਮੀ ਸਮਝੌਤਾ, ਸੌਦਾ ਜਾਂ ਕਰਾਰਨਾਮਾ ਹੁੰਦਾ ਹੈ। ਖ਼ੁਦਾ ਦਾ ਇਸਰਾਏਲ ਨਾਲ ਇਕ ਸਮਝੌਤਾ ਅਰਥਾਤ ਕਰਾਰਨਾਮਾ ਹੋਇਆ ਸੀ। ਇਸ ਕਰਾਰਨਾਮੇ ਵਿਚ ਇਸਰਾਏਲ ਦੀ ਜ਼ਿੰਮੇਵਾਰੀ ਦਸ ਹੁਕਮਾਂ ਨੂੰ ਮੰਨਣ ਦੀ ਸੀ।

4. ਇਸਰਾਏਲ ਵੱਲੋਂ ਨੇਮ ਨੂੰ ਪੂਰਾ ਕਰਨ ਅਰਥਾਤ ਦਸ ਹੁਕਮਾਂ ਦਾ ਪਾਲਨ ਕਰਨ ਤੇ ਖ਼ੁਦਾ ਕੀ ਕਰਨ ਲਈ ਰਾਜ਼ੀ ਹੋਇਆ? [ਵਿਵਸਥਾਸਾਰ 5:33 ਪੜ੍ਹੋ।] ਦਸ ਹੁਕਮ ਦੇਣ ਤੋਂ ਬਾਅਦ ਉਸ ਨੇ ਇਹ ਵਾਅਦਾ ਕੀਤਾ ਸੀ। [ਵਿਵਸਥਾਸਾਰ 5:1–21]। ਜੇ ਓਹ ਇਸ ਦਾ ਪਾਲਨ ਕਰਦੇ, ਤਾਂ ਉਸ ਨੇ ਉਨ੍ਹਾਂ ਲਈ ਕੀ ਕਰਨਾ ਸੀ? ਉਨ੍ਹਾਂ ਨੂੰ ਕੀ ਹੋਣਾ ਸੀ? [ਖਾਲੀ ਥਾਂ ਵਿਚ ''ਜੀਵਨ'', ''ਭਲਾ'' ਅਤੇ ''ਦੇਸ਼'' ਭਰੋ।] ਧਿਆਨ ਦਿਓ ਕਿ ਖ਼ੁਦਾ ਨੇ ਇਸਰਾਏਲ ਲਈ ਕੀ ਵਾਅਦਾ ਕੀਤਾ ਸੀ। ਉਸ ਨੇ ਵਾਅਦਾ ਕੀਤਾ ਕਿ ਉਨ੍ਹਾਂ ਨੂੰ ਉਹ *ਜਿਸਮਾਨੀ ਬਰਕਤਾਂ* ਦੇਵੇਗਾ।

5. ਉਨ੍ਹਾਂ ਵੱਲੋਂ ਨੇਮ ਨੂੰ ਤੋੜਨ ਤੇ ਖ਼ੁਦਾ ਨੇ ਉਨ੍ਹਾਂ ਦੇ ਨਾਲ ਕੀ ਕਰਨਾ ਸੀ। [ਲੇਵੀਆਂ 26:14, 15, 33 ਪੜ੍ਹੋ।] ਉਨ੍ਹਾਂ ਦਾ ਦੇਸ਼ ਉਨ੍ਹਾਂ ਕੋਲੋਂ ਖੋਹ ਲਿਆ ਜਾਣਾ ਸੀ, ਅਤੇ ਹੋਰ *ਕੀ* ਹੋਣਾ ਸੀ? [ਖਾਲੀ ਥਾਂ ਵਿਚ ''ਖਿੰਡ–ਪੁੰਡ ਜਾਣਾ'' ਸੀ] ਉਹ ਖਿੰਡ–ਪੁੰਡ ਗਏ, ਕਿਉਂਕਿ ਉਨ੍ਹਾਂ ਨੇ ਖ਼ੁਦਾ ਵੱਲੋਂ ਉਨ੍ਹਾਂ ਨਾਲ ਕੀਤੇ ਗਏ ਸਮਝੌਤੇ ਨੂੰ ਤੋੜ ਦਿੱਤਾ ਸੀ। ਇਸ ਦੇ ਇਕ ਭਾਗ ਦੇ ਰੂਪ ਵਿਚ, ਉਹ ਉਨ੍ਹਾਂ ਲੋਕਾਂ ਵਿਚ ਜਿਨ੍ਹਾਂ ਵਿਚ ਉਹ ਖਿੰਡ–ਪੁੰਡ ਗਏ ਹਨ ਇਕ ''ਦ੍ਰਿਸ਼ਟਾਂਤ'' ਵੀ ਹੈ (ਵਿਵਸਥਾਸਾਰ 28:37)।

**IV. ਮੁਸ਼ਕਿਲ**

1. ਇਸਰਾਏਲੀਆਂ ਨੂੰ ਦਿੱਤੀ ਗਈ ਖ਼ੁਦਾ ਦੀ ਸ਼ਰ੍ਹਾ ਚੰਗੀ ਸੀ, ਪਰ ਉਸ ਵਿਚ ਇਕ ਮੁਸ਼ਕਿਲ ਸੀ ਜੋ ਜਾਣ ਬੁੱਝ ਕੇ ਖ਼ੁਦਾ ਨੇ ਉਸ ਵਿਚ ਪਾਣੀ ਸੀ (ਇਬਰਾਨੀਆਂ 8:6, 7)। ਜਿਸ ਵਿਚ ਇਕ ਨੁਕਸ ਰਹਿਣ ਦਿੱਤਾ ਗਿਆ ਸੀ।

ਸ਼ਰ੍ਹਾ ਵਿਚ ਕੀ ਖਾਮੀ ਸੀ? ਜਿਨ੍ਹਾਂ ਲੋਕਾਂ ਨੂੰ ਇਹ ਦਿੱਤੀ ਗਈ ਸੀ, ਉਸ ਨੇ ਉਨ੍ਹਾਂ ਨਾਲ ਕੀ ਕੀਤਾ ਸੀ? [ਗਲਾਤੀਆਂ 3:10 ਪੜ੍ਹੋ।] ਇਸ ਦੇ ਅਧੀਨ ਰਹਿਣ ਵਾਲੇ *ਕਿਸਦੇ* ਹੇਠ ਸਨ? [ਖਾਲੀ ਥਾਂ ਵਿਚ ''ਸਰਾਪ'' ਭਰ ਲਓ।] ਓਹ ਸਰਾਪ ਹੇਠ ਕਿਉਂ ਸਨ? ਉਹ ਸਰਾਪ ਹੇਠ ਇਸ ਗੱਲ ਵਿਚ ਸਨ ਕਿ ਉਨ੍ਹਾਂ ਲਈ ਬਿਨਾਂ ਕੋਈ ਬਹਾਨਾ ਬਣਾਏ ਸ਼ਰ੍ਹਾ ਦੀ ਹਰ ਗੱਲ ਨੂੰ ਪੂਰਾ ਕਰਨਾ ਜ਼ਰੂਰੀ ਸੀ (ਗਲਾਤੀਆਂ 3:10)। ਕੋਈ ਉਸ ਤੇ ਪੂਰੀ ਤਰ੍ਹਾਂ ਨਹੀਂ ਚੱਲ ਸਕਿਆ।

2. ਇਸ ਲਈ, ਇਸ ਨੂੰ ਕਿਹੋ ਜਿਹਾ ਪ੍ਰਬੰਧ ਮੰਨਿਆ ਜਾ ਸਕਦਾ ਹੈ? [2 ਕੁਰਿੰਥੀਆਂ 3:6, 7, 9 ਪੜ੍ਹੋ] ਇਹ *ਕਿਹੋ* ਜਿਹੀ ਸੇਵਕਾਈ ਸੀ? [ਖਾਲੀ ਥਾਂ ਵਿਚ ''ਲਿਖਤ'' ਅਤੇ ''ਮੌਤ'' ਭਰ ਲਓ।] ਇਹ ਮੌਤ ਦੀ ਸੇਵਕਾਈ ਸੀ ਕਿਉਂਕਿ ਇਸ ਨੂੰ ਤੋੜਨ ਵਾਲੇ ਨੂੰ ਆਮ ਤੌਰ ਤੇ ਮੌਤ ਦੀ ਸਜ਼ਾ ਹੀ ਦਿੱਤੀ ਜਾਂਦੀ ਸੀ। ਸ਼ਰ੍ਹਾ ਨੂੰ ਤੋੜਨ ਵਾਲੇ ਕਿਸੇ ਵੀ ਆਦਮੀ ਲਈ ਮਾਫ਼ੀ ਦਾ ਕੋਈ ਪ੍ਰਬੰਧ ਨਹੀਂ ਸੀ (ਗਿਣਤੀ 15:27–31)।

3. ਹੁਕਮ ਨਾ ਮੰਨ ਕੇ ਸ਼ਰ੍ਹਾ ਨੂੰ ਤੋੜਨ ਵਾਲੇ ਆਦਮੀ ਨਾਲ ਕੀ ਹੋਇਆ? (ਇਬਰਾਨੀਆਂ

10:28 ਪੜ੍ਹੋ।) ਉਸ ਨੂੰ ਕੀ ਕੀਤੇ ਬਿਨਾਂ ਮਾਰ ਦਿੱਤਾ ਜਾਂਦਾ ਸੀ? [ਖਾਲੀ ਥਾਂ ਵਿਚ ''ਤਰਸ'' ਭਰ ਲਵੋ।] [ਅਧਿਐਨ ਸ਼ੀਟ ਦੇ *ਪਿਛਲੇ ਪਾਸੇ* ਲਿਖੋ (ਵੇਖੋ ਸਫ਼ਾ 125): ''1. ਸਰਾਪ''; ''2. ਮੌਤ''; ''3. ਦੋਸ਼ੀ ਠਹਿਰਾਉਣ ਵਾਲੀ''; ''4. ਕੋਈ ਤਰਸ ਨਹੀਂ''; ''5. ਕੋਈ ਕਿਰਪਾ ਨਹੀਂ (ਗਲਾਤੀਆਂ 5:4)।''] ਖ਼ੁਦਾ ਨੇ ਅਬਰਾਹਾਮ ਦੀ ਸੰਤਾਨ ਦੇ ਰਾਹੀਂ ਸਭ ਕੌਮਾਂ ਨੂੰ ਬਰਕਤ ਦੇਣ ਦਾ ਵਾਅਦਾ ਕੀਤਾ ਸੀ ਪਰ ਇਸਦੇ ਬਜਾਇ ਸ਼ਰ੍ਹਾ ਨਾਲ ਉਹ ਸਰਾਪ ਦੇ ਹੇਠਾਂ ਆ ਗਏ ਸਨ, ਇਸ ਲਈ ਇਹ ਸਪੱਸ਼ਟ ਹੈ ਕਿ ਖ਼ੁਦਾ ਦੀ ਯੋਜਨਾ ਸ਼ਰ੍ਹਾ ਦੇ ਰਾਹੀਂ ਸਭਨਾਂ ਕੌਮਾਂ ਨੂੰ ਬਰਕਤ ਦੇਣ ਦੀ ਨਹੀਂ ਸੀ।

ਜੇ ਸ਼ਰ੍ਹਾ ਦੇ ਹੇਠਾਂ ਰਹਿਣ ਵਾਲੇ ਬਰਕਤ ਬਣਨ ਦੀ ਬਜਾਇ ਸਰਾਪਿਤ ਸਨ, ਤਾਂ ਸ਼ਰ੍ਹਾ ਦਾ ਮਕਸਦ ਕੀ ਸੀ? ਅਪਰਾਧਾਂ ਦੇ ਕਾਰਨ ਮਸੀਹੀ ਤਕ ਲਿਆਉਣ ਲਈ ਸ਼ਰ੍ਹਾ ਨੂੰ ਇਕ ਨਿਗਾਹਬਾਨ ਬਣਾ ਕੇ ਬਾਅਦ ਵਿਚ ਜੋੜਿਆ ਗਿਆ ਸੀ (ਗਲਾਤੀਆਂ 3:19, 24)।

ਸਾਡੇ ਵਿੱਚੋਂ ਕਈ ਲੋਕ ਖੁਦ ਨੂੰ ਖ਼ੁਦਾ ਲਈ ਮੰਨਣ ਯੋਗ ਇਸ ਲਈ ਮੰਨਦੇ ਹਨ ਕਿਉਂਕਿ ਸਾਨੂੰ ਲੱਗਦਾ ਹੈ ਕਿ ਅਸੀਂ ਬਹੁਤ ਭਲੇ ਹਾਂ। ਇਕ ਅਰਥ ਵਿਚ ਸ਼ਰ੍ਹਾ ਮਨੁੱਖ ਦੀ ਭਲਿਆਈ ਲਈ ਉਸ ਨੂੰ ਇਹ ਵਿਖਾਉਣ ਲਈ ਕਿ ਉਹ ਆਪਣਾ ਬਚਾਅ ਆਪ ਨਹੀਂ ਕਰ ਸਕਦਾ ਬਲਕਿ ਉਸਨੂੰ ਮਦਦ ਦੀ ਲੋੜ ਹੈ, ਇਕ ਪ੍ਰਯੋਗ ਸੀ।

ਇਸ ਦੀ ਤੁਲਨਾ ਫ਼ਲੋਰਿਡਾ ਦੇ ਇਕ ਕਿਸਾਨ ਨੂੰ ਕਿਸੇ ਆਦਮੀ ਵੱਲੋਂ ਇਹ ਸਮਝਾਉਣ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ ਕਿ ਉਹ ਕਨੇਡਾ ਵਿਚ ਸੰਤਰੇ ਨਹੀਂ ਉਗਾ ਸਕਦਾ। ਉਸ ਨੂੰ ਸੰਤਰਿਆਂ ਦਾ ਬਾਗ਼ ਲਾਉਣ ਲਈ ਕਨੇਡਾ ਦੇ ਸਭ ਤੋਂ ਗਰਮ ਹਿੱਸੇ ਵਿਚ ਦੱਖਣੀ ਢਲਾਣ ਨੂੰ ਚੁਣਨਾ ਪਵੇਗਾ। ਸਮੇਂ ਤੋਂ ਪਹਿਲਾਂ ਕੋਹਰਾ, ਬਰਫ਼ ਪੈਣ ਅਤੇ ਕਾਮਯਾਬ ਨਾ ਹੋਣ ਤੇ ਉਹ ਕਿਸਾਨ ਮੰਨ ਗਿਆ ਕਿ ਕਨੇਡਾ ਵਿਚ ਸੰਤਰੇ ਨਹੀਂ ਉਗਾਏ ਜਾ ਸਕਦੇ।

ਇਸੇ ਤਰ੍ਹਾਂ ਖ਼ੁਦਾ ਨੇ ਅਬਰਾਹਾਮ ਨੂੰ ਜੋ ਵਿਸ਼ਵਾਸੀ ਸੀ, ਚੁਣਿਆ ਅਤੇ ਉਸਦੇ ਵੰਸਾਂ ਨੂੰ ਦੁਸ਼ਟ ਕੌਮ ਤੋ ਵੱਖ ਕਰ ਦਿੱਤਾ, ਫਿਰ ਉਸ ਨੂੰ ਮੰਨਣ ਲਈ ਇਕ ਸੰਪੂਰਨ ਸ਼ਰ੍ਹਾ ਦਿੱਤੀ (ਰੋਮੀਆਂ 7:12)। ਜੇ ਕੋਈ ਆਪਣੇ ਕਰਮਾਂ ਤੋਂ ਧਰਮੀ ਬਣ ਸਕਦਾ, ਤਾਂ ਇਸਰਾਏਲ ਦੇ ਲੋਕਾਂ ਕੋਲ ਅਜਿਹਾ ਕਰਨ ਦਾ ਸਭ ਤੋਂ ਵਧੀਆ ਮੌਕਾ ਸੀ, ਪਰ ਉਨ੍ਹਾਂ ਸਭਨਾਂ ਨੇ ਪਾਪ ਕੀਤਾ (ਰੋਮੀਆਂ 3:9, 10)। ਖ਼ੁਦਾ ਨੇ ਹਮੇਸ਼ਾ ਲਈ ਠਹਿਰਾ ਦਿੱਤਾ ਕਿ ਮਨੁੱਖ ਆਪ ਆਪਣਾ ਬਚਾਅ ਨਹੀਂ ਕਰ ਸਕਦਾ, ਬਲਕਿ ਉਸ ਦੇ ਪਾਪਾਂ ਦੀ ਮਾਫ਼ੀ ਲਈ ਉਸ ਦੇ ਪੁੱਤਰ ਦਾ ਮਰਨਾ ਜ਼ਰੂਰੀ ਸੀ। ਸ਼ਰ੍ਹਾ ਦਾ ਮਕਸਦ ਫ਼ੈਸਲਾਕੁੰਨ ਢੰਗ ਨਾਲ ਸਾਨੂੰ ਇਹ ਵਿਖਾਉਣਾ ਸੀ ਕਿ ਸਾਨੂੰ ਇਕ ਮੁਕਤੀਦਾਤੇ ਦੀ ਲੋੜ ਹੈ ਜੋ ਸਾਡੇ ਅਪਰਾਧਾਂ ਨੂੰ ਦੱਸਣ ਲਈ ਆਪਣੀ ਕਿਰਪਾ ਕਰ ਸਕਦਾ ਹੈ।

## V. ਖ਼ੁਦਾ ਦੀ ਯੋਜਨਾ

1. ਖ਼ੁਦਾ ਨੇ ਅਬਰਾਹਾਮ ਦੀ ਸੰਤਾਨ ਦੇ ਰਾਹੀਂ ਸੰਸਾਰ ਨੂੰ ਬਰਕਤ ਦੇਣ ਦੀ ਯੋਜਨਾ ਬਣਾਈ ਸੀ। ਸ਼ਰ੍ਹਾ ਨਾਲ ਖ਼ੁਦਾ ਦੀ ਯੋਜਨਾ ਟਲਣੀ ਨਹੀਂ ਸੀ (ਗਲਾਤੀਆਂ 3:17)। ਜੇ ਸ਼ਰ੍ਹਾ ਤੋਂ ਬਰਕਤ ਮਿਲ ਜਾਂਦੀ, ਤਾਂ ਯਿਸੂ ਦੇ ਮਰਨ ਦੀ ਲੋੜ ਹੀ ਨਹੀਂ ਸੀ (ਗਲਾਤੀਆਂ 2:21)। ਖ਼ੁਦਾ ਨੇ ਸ਼ਰ੍ਹਾ ਅਤੇ ਨੇਮ ਨਾਲ ਬਰਕਤ ਦੇਣ ਦੀ ਯੋਜਨਾ ਨਹੀਂ ਬਣਾਈ ਸੀ।

ਖ਼ੁਦਾ ਨੇ ਕੀ ਕਰਨ ਦੀ ਯੋਜਨਾ ਬਣਾਈ ਸੀ? [ਯਿਰਮਿਯਾਹ 31:31, 32 ਪੜ੍ਹੋ।] ਖ਼ੁਦਾ

ਨੇ *ਕੀ* ਬੰਨ੍ਹਣ ਦਾ ਵਾਅਦਾ ਕੀਤਾ ਸੀ? ਕੀ ਇਹ ਨੇਮ ਖ਼ੁਦਾ ਵੱਲੋਂ ਇਸਰਾਏਲ ਨਾਲ ਬੰਨ੍ਹਿਆ ਗਿਆ ਉਸ ਨੇਮ ਵਰਗਾ ਹੋਣਾ ਸੀ? [ਖਾਲੀ ਥਾਂ ਵਿਚ ''ਨਵਾਂ'' ਅਤੇ ''ਨਹੀਂ'' ਭਰ ਲਓ।]

2. ਨਵੇਂ ਨੇਮ ਤੋਂ ਕੀ ਮਿਲਣਾ ਸੀ? [ਇਬਰਾਨੀਆਂ 8:12 ਪੜ੍ਹੋ।] ਖ਼ੁਦਾ ਨੇ *ਕੀ* ਕਿਹਾ ਕਿ ਉਹ ਨਵੇਂ ਨੇਮ ਵਿਚ ਕੀ ਹੋਵੇਗਾ? [ਖਾਲੀ ਥਾਂ ਵਿਚ ''ਤਰਸਵਾਨ'' ਭਰ ਲਓ।]

3. ਪਹਿਲੇ ਨੇਮ ਵਿਚ ਤਰਸ ਨਹੀਂ ਸੀ, ਕੀ ਇਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ ਉੱਤੇ ਤਰਸ ਨਹੀਂ ਹੋਇਆ ਸੀ। ਅਬਰਾਹਾਮ ਨੂੰ ਦਿੱਤੇ ਗਏ ਵਾਅਦੇ ਤੋਂ ਵੀ ਉਨ੍ਹਾਂ ਨੂੰ ਬਰਕਤ ਮਿਲ ਸਕਦੀ ਸੀ, ਜੋ ਸ਼ਰ੍ਹਾ ਤੇ ਨਹੀਂ ਬਲਕਿ ਕਿਸ ਤੇ ਅਧਾਰਿਤ ਸੀ? [ਇਬਰਾਨੀਆਂ 9:15 ਪੜ੍ਹੋ।] ਯਿਸੂ ਉਨ੍ਹਾਂ ਅਪਰਾਧਾਂ ਲਈ ਵੀ ਮਰਿਆ ਜੋ *ਕਿਹੜੇ* ਨੇਮ ਵਿਚ ਹੋਏ ਸਨ? [ਖਾਲੀ ਥਾਂ ਵਿਚ ''ਪਹਿਲੇ'' ਭਰ ਲਵੋ।] ਜੇ ਕਿਸੇ ਨੇ ਖ਼ੁਦਾ ਦੇ ਕੋਲ ਆਉਣਾ ਹੋਵੇ ਤਾਂ ਇਹ ਯਿਸੂ ਨਾਲ ਹੀ ਹੋ ਸਕਦਾ ਹੈ [ਯੂਹੰਨਾ 14:6]। ਖ਼ੁਦਾ ਦੀ ਯੋਜਨਾ ਇਹੋ ਰਹੀ ਹੈ। ਜਗਤ ਦੇ ਪਾਪ ਯਿਸੂ ਦੇ ਲਹੂ ਦੇ ਰਾਹੀਂ ਹੀ ਮਾਫ਼ ਕੀਤੇ ਜਾ ਸਕਦੇ ਸਨ। ਸ਼ਰ੍ਹਾ ਵਿਚ ਤਰਸ ਅਤੇ ਮਾਫ਼ੀ ਨਹੀਂ ਸੀ। ਇਸ ਤੋਂ ਇਸ ਦੇ ਅਧੀਨ ਰਹਿਣ ਵਾਲਿਆਂ ਨੂੰ ਸਰਾਪ ਹੀ ਮਿਲਦਾ ਸੀ।

4. *ਨਵਾਂ* ਨੇਮ ਕਦੋਂ ਲਾਗੂ ਹੋਇਆ? [ਇਬਰਾਨੀਆਂ 9:16, 17 ਪੜ੍ਹੋ।] ਇਹ ਕਦੋਂ ਪੱਕਾ ਹੋਇਆ? [ਖਾਲੀ ਥਾਂ ਵਿਚ ''ਮੌਤ'' ਭਰ ਲਵੋ।] ਵਸੀਅਤ ਅਜਿਹਾ ਦਸਤਾਵੇਜ਼ ਹੈ ਜੋ ਕਰਨ ਵਾਲੇ ਦੀ ਮੌਤ ਹੋਣ ਤੇ ਪੱਕੀ ਹੁੰਦੀ ਹੈ ਇਸ ਤੋਂ ਪਹਿਲਾਂ ਇਸ ਦਾ ਕੋਈ ਲਾਭ ਨਹੀਂ ਹੁੰਦਾ। ਇਹੋ ਗੱਲ ਯਿਸੂ ਮਸੀਹ ਦੇ ਨਵੇਂ ਨੇਮ ਤੇ ਲਾਗੂ ਹੁੰਦੀ ਹੈ। ਯਿਸੂ ਦੀ ਮੌਤ ਨਾਲ ਹੀ ਇਹ ਨੇਮ ਪੱਕਾ ਹੁੰਦਾ ਹੈ।

5. ਕੀ ਪਹਿਲੇ ਨਾਮ ਦੀ ਥਾਂ ਤੇ ਨੇਮ ਆ ਗਿਆ ਹੈ? [ਇਬਰਾਨੀਆਂ 10:9 ਪੜ੍ਹੋ।] ਉਸਨੇ ਦੂਸਰੇ ਨੂੰ *ਕੀ* ਕਰਨ ਦੀ ਲਈ ਪਹਿਲੇ ਨੂੰ *ਕੀ* ਕੀਤਾ? [ਖਾਲੀ ਥਾਵਾਂ ਵਿਚ, ''ਕਾਇਮ'' ਅਤੇ ''ਹਟਾ ਦਿੱਤਾ'' ਭਰ ਲਓ।] ਯਿਸੂ ਨੇ ਆਪਣੀ ਮੌਤ ਨਾਲ ਦੂਜੇ ਨੇਮ ਨੂੰ ਕਾਇਮ ਕਰਕੇ ਪਹਿਲੇ ਨੇਮ ਨੂੰ ਹਟਾ ਵੀ ਦਿੱਤਾ ਸੀ। [*ਪਿੱਛੇ* ''ਪਹਿਲਾ (ਪੁਰਾਣਾ) ਨੇਮ'' ਅਤੇ ''ਦੂਜਾ (ਨਵਾਂ) ਨੇਮ'' ਲਿਖੋ। ਵੇਖੋ ਸਫ਼ਾ 125।]

6. ਇਨ੍ਹਾਂ ਵਿੱਚੋਂ ਉੱਤਮ ਕਿਹੜਾ ਅਤੇ ਕਿਉਂ ਹੈ? [ਇਬਰਾਨੀਆਂ 8:6 ਪੜ੍ਹੋ।] ਦੂਜੇ ਨੇਮ ਦੇ ਵਾਅਦਿਆਂ ਨਾਲ ਪਹਿਲੇ ਨੇਮ ਦੇ ਵਾਅਦਿਆਂ ਵਿਚ ਕੀ ਫ਼ਰਕ ਹੈ? ਇਹ ਵਾਅਦੇ ਕੀ ਹਨ? [ਖਾਲੀ ਥਾਂ ਵਿਚ, ''ਉੱਤਮ'' ਭਰੋ।] ਉਨ੍ਹਾਂ ਨੂੰ ਪਹਿਲੇ ਨੇਮ ਨੂੰ ਮੰਨਣ ਲਈ ਕੀ ਵਾਅਦਾ ਦਿੱਤਾ ਗਿਆ? ਕੀ ਉਨ੍ਹਾਂ ਨੂੰ ਦੇਸ਼ ਵਿਚ ਖੁਸ਼ਹਾਲੀ ਦਾ ਵਾਅਦਾ ਨਹੀਂ ਦਿੱਤਾ ਗਿਆ ਸੀ [ਵਿਵਸਥਾਸਾਰ 5:33]? ਸਾਨੂੰ ਦਿੱਤਾ ਗਿਆ ਉੱਤਮ ਵਾਅਦਾ ਕੀ ਹੈ? [1 ਪਤਰਸ 1:3, 4 ਪੜ੍ਹੋ।] ਕੀ ''ਸੁਰਗ'' ਦੀ ਬਰਕਤ ਇਸਰਾਏਲ ਦੇ ਦੇਸ਼ ਵਿਚ ਖੁਸ਼ਹਾਲੀ ਦੇ ਨਾਲ ਲੰਮੀ ਉਮਰ ਦੀ ਬਰਕਤ ਤੋਂ ਚੰਗੀ ਅਤੇ ਉੱਤਮ ਨਹੀਂ ਹੈ।

ਨਵੇਂ ਨੇਮ ਵਿਚ ਪੁਰਾਣੇ ਨੇਮ ਨਾਲੋਂ ਉੱਤਮ ਲਾਭ ਕਿਹੜੇ–ਕਿਹੜੇ ਹਨ? [*ਪਿਛਲੇ ਪਾਸੇ* ਲਿਖੋ ਕਿ ਪੁਰਾਣੇ ਨੇਮ ਤੋਂ ਜੋ ਮਿਲਿਆ ਉਸ ਤੋਂ ਅੱਗੇ: ''ਬਰਕਤ (ਗਲਾਤੀਆਂ 3:14)''; ''2. ਜੀਵਨ (ਗਲਾਤੀਆਂ 3:21)''; ''3. ਧਾਰਮਿਕਤਾ (ਗਲਾਤੀਆਂ 2:21)''; ''4. ਤਰਸ (ਇਬਰਾਨੀਆਂ 8:12)''; ''5. ਕਿਰਪਾ (ਯੂਹੰਨਾ 1:17)।'' ਵੇਖੋ ਸਫ਼ਾ 125।]

ਤੁਸੀਂ ਇਨ੍ਹਾਂ ਦੋ ਨੇਮਾਂ ਵਿੱਚੋਂ ਕਿਸਦੇ ਅਧੀਨ ਰਹੋਗੇ? ਕਿਉਂ ਰਹੋਗੇ? ਨਵੇਂ ਨੇਮ ਦੇ ਅਧੀਨ ਸਾਨੂੰ ਚੰਗੇ ਲਾਭ ਅਤੇ ਚੰਗੇ ਵਾਇਦੇ ਦਿੱਤੇ ਗਏ ਹਨ। ਯਕੀਨਣ ਅਸੀਂ ਉਸ ਪਹਿਲੇ

ਨੇਮ ਦੀ ਵੱਲ ਅਰਥਾਤ ਪਿੱਛੇ ਨੂੰ ਨਹੀਂ ਜਾਣਾ ਚਾਹੁੰਦੇ।

[ਸਿਖਾਉਣ ਵਾਲਾ ਉਨ੍ਹਾਂ ਇਖ਼ਲਾਕੀ ਨਿਅਮਾਂ ਨੂੰ ਸਮਝਾ ਸਕਦਾ ਹੈ ਜੋ ਅਨਾਦੀਕਾਲ ਦੇ ਹਨ, ਜਿਵੇਂ ਕਿ ਅਸੀਂ ਖ਼ੂਨ ਨਾ ਕਰੀਏ, ਜ਼ਨਾਹ ਨਾ ਕਰੀਏ, ਝੂਠ ਨਾ ਬੋਲੀਏ, ਆਦਿ ਅਤੇ ਨਵੇਂ ਨੇਮ ਵਿਚ ਉਨ੍ਹਾਂ ਨੂੰ ਅਨਾਦੀਕਾਲ ਨਿਅਮਾਂ ਵਿੱਚੋਂ ਕੱਢਿਆ ਨਹੀਂ ਗਿਆ ਨਵੇਂ ਨੇਮ ਵਿਚ ਇਹ ਸਿਧਾਂਤ ਦਿੱਤੇ ਗਏ ਹਨ, ਪਰ ਇਸ ਨੇਮ ਵਿਚ ਸੱਬਤ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ। ਸੱਬਤ ਦਾ ਦਿਨ ਇਸਰਾਏਲ ਨੂੰ ਅਰਾਮ ਦੇ ਖਾਸ ਦਿਨ ਅਰਥਾਤ ਉਨ੍ਹਾਂ ਲਈ ਇਕ ਯਾਦਗਾਰੀ ਦਿਨ ਦੇ ਰੂਪ ਵਿਚ ਦਿੱਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਕੋਈ ਕੰਮ ਨਹੀਂ ਕਰਨਾ ਹੁੰਦਾ ਸੀ ਬਲਕਿ ਨਿਰਾ ਅਰਾਮ ਕਰਕੇ ਇਹ ਯਾਦ ਰੱਖਣਾ ਚੁੰਦਾ ਸੀ ਕਿ ਉਹ ਮਿਸਰ ਦੇਸ਼ ਵਿਚ ਗੁਲਾਮ ਸਨ (ਵਿਵਸਥਾਸਾਰ 5:15)। ਇਹ ਦਿਨ ਸੰਸਾਰ ਦਾ ਰਚਨਾ ਨੂੰ ਚੇਤੇ ਕਰਨ ਲਈ ਸਮਰਪਿਤ ਨਹੀਂ ਸੀ। ਖ਼ੁਦਾ ਨੇ ਇਸਰਾਏਲ ਨੂੰ ਸੱਤਵਾਂ ਦਿਨ ਅਰਾਮ ਕਰਨ ਲਈ ਇਹ ਚੇਤੇ ਰੱਖਣ ਲਈ ਦਿੱਤਾ ਸੀ ਕਿ ਉਨ੍ਹਾਂ ਨੂੰ ਮਿਸਰ ਵਿਚ ਅਰਾਮ ਰਹਿਤ ਗੁਲਾਮੀ ਤੋਂ ਛੁਡਾਇਆ ਗਿਆ ਸੀ ਕਿਉਂਕਿ ਉਸਨੇ ਸੱਤਵੇਂ ਦਿਨ ਅਰਾਮ ਕੀਤਾ ਸੀ (ਕੂਚ 20:11)। ਹਫ਼ਤੇ ਦਾ ਪਹਿਲਾ ਦਿਨ, ਅਰਥਾਤ ਸੱਬਤ ਦੇ ਬਾਅਦ ਦਾ ਦਿਨ (ਮੱਤੀ 28:1; ਮਰਕੁਸ 16:1; ਲੂਕਾ 24:1) ਹੀ ਉਹ ਦਿਨ ਸੀ ਜਦੋਂ ਮਸੀਹੀ ਲੋਕ ਇਕੱਠੇ ਹੁੰਦੇ ਸਨ (ਰਸੂਲਾਂ ਦੇ ਕੰਮ 20:7) ਅਤੇ ਅੱਜ ਵੀ ਹੁੰਦੇ ਹਨ, ਹਫ਼ਤੇ ਦਾ ਪਹਿਲਾ ਦਿਨ ਮਸੀਹੀ ਲੋਕਾਂ ਲਈ ਯਿਸੂ ਦੇ ਜੀ ਉੱਠਣ ਦੇ ਅਧਾਰ ਤੇ ਪਾਪ ਅਤੇ ਮੌਤ ਤੋਂ ਛੁਟਕਾਰੇ ਨੂੰ ਯਾਦ ਰੱਖਣ ਦੇ ਰੂਪ ਵਿਚ ਇਕ ਯਾਦਗਾਰੀ ਦਿਨ ਸੀ। ਉਨ੍ਹਾਂ ਲਈ ਇਹ ਸੱਬਤ ਭਾਵ ਇਸਰਾਏਲ ਦੇ ਅਰਾਮ ਦੇ ਦਿਨ ਵਾਂਗ ਦੁਨਿਆਵੀ ਅਰਾਮ ਦਾ ਨਹੀਂ ਬਲਕਿ *ਰੂਹਾਨੀ* ਅਰਾਮ ਦਾ ਦਿਨ ਹੈ।]

ਇਸ ਪਾਠ ਵਿਚ ਅਸੀਂ ਖ਼ੁਦਾ ਦੀ ਯੋਜਨਾ ਤੇ ਧਿਆਨ ਦਿੱਤਾ ਹੈ ਅਤੇ ਇਹ ਦੇਖਿਆ ਹੈ ਕਿ ਲੋਕਾਂ ਦੀ ਇਕ ਕੌਮ ਦੇ ਰਾਹੀਂ ਉਸ ਨੇ ਸਿਖਾਇਆ ਕਿ ਮਨੁੱਖ ਜਾਤੀ ਨੂੰ ਬਚਾਏ ਜਾਣ ਲਈ ਸ਼ਰ੍ਹਾ ਦੀ ਨਹੀਂ, ਬਲਕਿ ਮੁਕਤੀਦਾਤੇ ਦੀ ਲੋੜ ਹੈ, ਅਤੇ ਮਨੁੱਖ ਜਾਤੀ ਦੇ ਬਚਾਉਣ ਦੀ ਉਸ ਦੀ ਯੋਜਨਾ ਸਲੀਬ ਤੇ ਯਿਸੂ ਦੀ ਮੌਤ ਦੇ ਰਾਹੀਂ ਹੀ ਹੋਈ ਸੀ।

**ਸਾਰ**

ਇਸ ਅਧਿਐਨ ਸ਼ੀਟ ਵਿਚ ਅਸੀਂ ਪਾਪਾਂ ਤੋਂ ਸਾਡੇ ਬਚਾਏ ਜਾਣ ਲਈ ਖ਼ੁਦਾ ਦੀ ਯੋਜਨਾ ਦੇ ਪ੍ਰਕਾਸ਼ ਦੀ ਸਮੀਖਿਆ ਕੀਤੀ ਹੈ। ਇਹੀ ਬਾਈਬਲ ਦਾ ਵਿਸ਼ਾ–ਵਸਤੂ ਹੈ।

ਸਾਡੇ ਲਈ ਇਸ ਪਾਠ ਨੂੰ ਸੰਖੇਪ ਕਰਨ ਦਾ ਵਧੀਆ ਢੰਗ ਪਾਠ ਦੇ ਮੁੱਖ ਸਵਾਲਾਂ ਦਾ ਜਵਾਬ ਦੇਣਾ ਹੈ।

I. *ਖ਼ੁਦਾ ਨੇ ਅਬਰਾਹਾਮ ਤੇ ਕਿਹੜੀ ਯੋਜਨਾ ਪਰਗਟ ਕੀਤੀ ਸੀ?* ਖ਼ੁਦਾ ਨੇ ਅਬਰਾਹਾਮ ਤੇ ਪਰਗਟ ਕੀਤਾ ਸੀ ਕਿ ਉਹ ਉਸ ਵਿੱਚੋਂ ਇਕ ਵੱਡੀ ਕੌਮ (ਪੁਰਾਣੇ ਨੇਮ ਦਾ ਵਿਸ਼ਾ–ਵਸਤੂ) ਬਣਾਏਗਾ ਅਤੇ ਉਸਦੇ ਅੰਸ ਅਰਥਾਤ ਯਿਸੂ ਦੇ ਰਾਹੀਂ ਸਭ ਕੌਮਾਂ ਨੂੰ ਬਰਕਤ ਦੇਵੇਗਾ (ਨਵੇਂ ਨੇਮ ਦੀ ਵਿਸ਼ਾ–ਵਸਤੂ)।

II. *ਉਹ ਵੱਡੀ ਕੌਮ ਕਿਵੇਂ ਬਣੀ?* ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਸੰਤਾਨ ਜੋ ਮਿਸਰ ਵਿਚ ਜਾਣ ਦੇ ਸਮੇਂ ਗਿਣਤੀ ਵਿਚ 70 ਸਨ, ਮੂਸਾ ਅਤੇ ਹਾਰੂਨ ਦੀ ਅਗਵਾਈ ਵਿਚ ਮਿਸਰ ਛੱਡ ਕੇ ਜਾਣ ਤਕ ਉਸਦੀ ਗਿਣਤੀ ਤੀਹ ਤੋਂ ਪੰਜਾਹ ਲੱਖ ਸੀ ਜਿਸ ਵਿਚ 603,550

ਸੈਨਾ ਵਿਚ ਅਤੇ 22,000 ਆਦਮੀ ਲੇਵੀ ਦੇ ਕਬੀਲੇ ਭਾਵ ਯਾਜਕੀ ਕਬੀਲੇ ਦੇ ਸਨ, ਇਕ ਵੱਡੀ ਕੌਮ ਬਣ ਗਏ ਸਨ।

III. *ਇਸਰਾਏਲ ਕੌਮ ਨੂੰ ਕੀ ਸ਼ਰ੍ਹਾ ਮਿਲੀ ਸੀ?* ਖ਼ੁਦਾ ਨੇ ਉਨ੍ਹਾਂ ਨੂੰ ਸੀਨਈ ਪਹਾੜ ਤੇ ਇਕ ਸ਼ਰ੍ਹਾ ਦਿੱਤੀ ਸੀ ਜਿਸ ਨੂੰ ਉਨ੍ਹਾਂ ਨੇ ਇਸਰਾਏਲ ਵਿਚ ਇਕ ਕੌਮ ਦੇ ਰੂਪ ਵਿਚ ਮੰਨਣਾ ਸੀ। ਉਹ ਨੇਮ (ਉਨ੍ਹਾਂ ਨਾਲ ਖ਼ੁਦਾ ਦਾ ਸਮਝੌਤਾ) ਉਨ੍ਹਾਂ ਦੀ ਸ਼ਰ੍ਹਾ ਦਾ ਹੀ ਇਕ ਭਾਗ ਸੀ (ਰੋਮੀਆਂ 13:8–10)। ਜੇ ਉਹ ਖ਼ੁਦਾ ਦੇ ਨਾਲ ਇਸ ਕਰਾਰਨਾਮੇ ਵਿਚ ਬਣੇ ਰਹਿੰਦੇ, ਤਾਂ ਉਨ੍ਹਾਂ ਨੂੰ ਉਸ ਦੇਸ਼ ਵਿਚ ਲੰਮੀ ਉਮਰ ਦੇ ਨਾਲ–ਨਾਲ ਖੁਸ਼ਹਾਲੀ ਵੀ ਮਿਲਣੀ ਸੀ, ਪਰ ਜੇ ਉਹ ਇਸ ਨੇਮ ਨੂੰ ਤੋੜਦੇ, ਤਾਂ ਉਨ੍ਹਾਂ ਨੂੰ ਦੇਸ਼ ਵਿੱਚੋਂ ਕੱਢ ਕੇ ਦੂਜੇ ਦੇਸ਼ਾਂ ਵਿਚ ਖਿੰਡਾ ਜਾ ਤਿੱਤਰ–ਬਿੱਤਰ ਕਰ ਦਿੱਤਾ ਜਾਣਾ ਸੀ।

IV. *ਖ਼ੁਦਾ ਨੇ ਤਰਸ ਕਰਨ ਲਈ ਕੀ ਕੀਤਾ ਸੀ?* ਖ਼ੁਦਾ ਇਕ ਨਵਾਂ ਨੇਮ ਅਰਥਾਤ ਇਕ ਨਵਾਂ ਸਮਝੌਤਾ ਲੈ ਕੇ ਆਇਆ ਜਿਸ ਵਿਚ ਤਰਸ ਸ਼ਾਮਿਲ ਕੀਤਾ ਗਿਆ ਸੀ। ਯਿਸੂ ਦੀ ਮੌਤ ਨਾਲ ਪਹਿਲੇ ਨੇਮ ਦੇ ਸਰਾਪ ਨੂੰ ਹਟਾ ਲਿਆ ਗਿਆ ਸੀ, ਉਸ ਦੀ ਥਾਂ ਤੇ ਇਕ ਨਵਾਂ ਨੇਮ ਦੇ ਕੇ ਪਹਿਲੇ ਨੇਮ ਨੂੰ ਇਕ ਪਾਸੇ ਕਰ ਦਿੱਤਾ ਗਿਆ। *ਪਹਿਲੇ* ਦੀ ਥਾਂ ਤੇ *ਦੂਜਾ* ਅਰਥਾਤ ਇਕ ਨਵਾਂ ਅਤੇ ਉੱਤਮ ਨੇਮ ਲਿਆਂਦਾ ਗਿਆ ਜੋ ਉੱਤਮ ਵਾਅਦਿਆਂ (ਦੇਸ਼ ਵਿਚ ਖੁਸ਼ਹਾਲੀ ਨਾਲ ਲੰਮੀ ਉਮਰ ਦੀ ਬਜਾਇ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ) ਤੇ ਬੰਨ੍ਹਿਆ ਗਿਆ ਸੀ।

V. *ਅੱਜ ਸਾਡੇ ਤੇ ਨਵੇਂ ਨੇਮ ਦੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ।* ਅਸੀਂ *ਪਹਿਲੇ* ਨੇਮ ਵੱਲ ਵਾਪਸ ਨਹੀਂ ਜਾਂਦੇ, ਕਿਉਂਕਿ ਇਸ ਦੇ ਹੇਠਾਂ ਰਹਿਣ ਦੀ ਕੋਸ਼ਿਸ਼ ਕਰਨ ਵਾਲੇ ਸ਼ਰ੍ਹਾ ਦੇ ਸਰਾਪ ਹੇਠਾਂ ਸਨ। ਇਸਦੇ ਬਜਾਇ ਸਾਨੂੰ *ਦੂਜੀ* ਸ਼ਰ੍ਹਾ ਦੇ ਅਨੁਸਾਰ ਰਹਿਣਾ ਹੈ ਕਿਉਂਕਿ ਇਸਦੇ ਦੇ ਰਾਹੀਂ ਸਾਨੂੰ ਕਿਰਪਾ, ਤਰਸ ਅਤੇ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਦੀ ਆਸ ਦਿੱਤੀ ਜਾਂਦੀ ਹੈ।

ਇਸ ਪਾਠ ਤੋਂ ਸਾਨੂੰ ਬਹੁਤ ਸਾਰੀਆਂ ਗੱਲਾ ਨੂੰ ਸਮਝਾਉਣ ਵਿਚ ਮਦਦ ਮਿਲਦੀ ਹੈ: (1) ਮਸੀਹੀ ਲੋਕ ਪੁਰਾਣੇ ਨੇਮ ਦੀ ਸ਼ਰ੍ਹਾ ਨੂੰ ਕਿਉਂ ਨਹੀਂ ਮੰਨਦੇ; (2) ਮਸੀਹੀ ਲੋਕ ਸਨਿੱਚਰਵਾਰ ਅਰਥਾਤ ਸੱਬਤ ਦੇ ਦਿਨ ਅਰਾਮ ਕਿਉਂ ਨਹੀਂ ਕਰਦੇ; (3) ਮਸੀਹੀ ਬਣਨ ਦੇ ਢੰਗ ਦੇ ਉਦਾਹਰਣ ਲਈ ਯਿਸੂ ਦੀ ਮੌਤ ਦੇ ਬਾਅਦ ਦੇ ਮਨਬਦਲੀਆਂ ਨੂੰ ਕਿਉਂ ਮੰਨਣਾ ਚਾਹੀਦਾ ਹੈ; ਅਤੇ (4) ਮਸੀਹੀ ਲੋਕ ਮਸੀਹੀ ਜ਼ਿੰਦਗੀ ਜਿਊਣਾ ਸਿੱਖਣ ਲਈ ਨਵੇਂ ਨੇਮ ਦਾ ਅਧਿਐਨ ਕਿਉਂ ਕਰਦੇ ਹਨ।

*[* ਪਾਠ ਨੂੰ ਸੰਖੇਪ ਵਿਚ ਦੱਸ ਕੇ ਸਿਖਾਉਣ ਵਾਲਾ ਸਿੱਖਣ ਵਾਲੇ ਤੋਂ ਸ਼ਰ੍ਹਾ ਬਾਰੇ ਉਸ ਦੇ ਰਵੱਈਏ ਬਾਰੇ ਪੁੱਛ ਸਕਦਾ ਹੈ; ਕਿ ਉਸ ਨੇ ਸ਼ਰ੍ਹਾ ਪੜ੍ਹੀ ਹੈ ਅਤੇ ਇਸ ਵਿਚ ਦੱਸੀਆਂ ਗਈਆਂ ਸਭ ਗੱਲਾਂ ਨੂੰ ਮੰਨਣ ਤੋਂ ਵਿਚਾਰ ਕਰਦਾ ਸੀ; ਅਤੇ ਇਹ ਕਿ ਉਸਨੇ ਇਹ ਪੜ੍ਹਿਆ ਹੈ ਕਿ ਸ਼ਰ੍ਹਾ ਵਿਚ ਪਾਪਾਂ ਦੀ ਮਾਫ਼ੀ ਲਈ ਕੀ ਕਰਨਾ ਜ਼ਰੂਰੀ ਹੈ ਨਵੇਂ ਨੇਮ ਵਿਚ ਕੀ ਜ਼ਰੂਰੀ ਹੈ।

ਫਿਰ ਸਿਖਾਉਣ ਵਾਲਾ ਇਹ ਕਹਿੰਦਾ ਹੋਇਆ ਕਿ ਅਗਲਾ ਅਧਿਐਨ ਪੁਰਾਣੇ ਅਤੇ ਨਵੇਂ ਨੇਮਾਂ ਵਿਚ ਮਾਫ਼ੀ ਤੇ ਵਿਚਾਰ ਕਰਨ ਲਈ ਹੋਵੇਗਾ, ਅਗਲੇ ਅਧਿਐਨ ਦਾ ਪ੍ਰਬੰਧ ਕਰੋ। *]*